# ਭਾਰਤ-ਕ੍ਰੋਏਸ਼ੀਆ ਦੇ ਵਿਚਕਾਰ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ (FOC)

ਅਪ੍ਰੈਲ 30, 2024

ਭਾਰਤ ਅਤੇ ਕ੍ਰੋਏਸ਼ੀਆ ਨੇ 30 ਅਪ੍ਰੈਲ, 2024 ਨੂੰ ਨਵੀਂ ਦਿੱਲੀ ਵਿੱਚ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ (FOC) ਦਾ 11ਵਾਂ ਸੈਸ਼ਨ ਆਯੋਜਿਤ ਕੀਤਾ। ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮ), ਸ਼੍ਰੀ ਪਵਨ ਕਪੂਰ ਨੇ ਕੀਤੀ ਅਤੇ ਕ੍ਰੋਏਸ਼ੀਆ ਦੇ ਪੱਖ ਦੀ ਅਗਵਾਈ ਕ੍ਰੋਏਸ਼ੀਆ ਦੇ ਵਿਦੇਸ਼ ਅਤੇ ਯੂਰਪੀਅਨ ਮਾਮਲਿਆਂ ਦੇ ਮੰਤਰਾਲੇ ਦੇ, ਰਾਜਨੀਤਕ ਮਾਮਲਿਆਂ ਦੇ ਡਾਇਰੈਕਟਰ ਜਨਰਲ, ਡਾ. ਪੀਟਰ ਮਿਹਾਤੋਵ ਦੁਆਰਾ ਕੀਤੀ ਗਈ।

2. ਸਲਾਹ-ਮਸ਼ਵਰੇ ਦੇ ਦੌਰਾਨ, ਦੋਵੇਂ ਪੱਖਾਂ ਨੇ ਵਪਾਰ ਅਤੇ ਆਰਥਿਕ, ਰੱਖਿਆ ਅਤੇ ਸਮੁੰਦਰੀ ਖੇਤਰ, ਵਿਗਿਆਨ ਅਤੇ ਟੈਕਨੋਲੋਜੀ, ਨਵੀਨਤਾ, ਖੋਜ ਅਤੇ ਵਿਕਾਸ, ਸੈਰ-ਸਪਾਟਾ, ਸੱਭਿਆਚਾਰ ਅਤੇ ਲੋਕਾਂ ਦੇ ਆਪਸੀ ਸਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਸਮੇਤ, ਮੌਜੂਦਾ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ। ਦੋਵੇਂ ਪੱਖਾਂ ਨੇ ਸੱਭਿਆਚਾਰਕ ਅਤੇ ਲੋਕਾਂ ਦੇ ਆਪਸੀ ਅਦਾਨ-ਪ੍ਰਦਾਨ ਨੂੰ ਮਜ਼ਬੂਤ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ।

3. ਦੋਵੇਂ ਪੱਖਾਂ ਨੇ ਸੰਯੁਕਤ ਰਾਸ਼ਟਰ (ਯੂ.ਐਨ) ਅਤੇ ਹੋਰ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਦੇਣ ਸਮੇਤ, ਅੰਤਰਰਾਸ਼ਟਰੀ ਸਹਿਯੋਗ ਕਰਨ ਬਾਰੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਉਨ੍ਹਾਂ ਨੇ ਭਾਰਤ-ਯੂਰਪੀ ਸੰਘ ਦੇ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਵਾਸਤੇ, ਵਧ ਰਹੇ ਸਹਿਯੋਗ 'ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਨੇ ਭਾਰਤ ਅਤੇ ਯੂਰਪੀ ਸੰਘ ਦੇ ਵਿਚਕਾਰ ਇੱਕ ਵਿਆਪਕ, ਸੰਤੁਲਿਤ ਅਤੇ ਆਪਸੀ ਲਾਭਕਾਰੀ FTA ਨੂੰ ਜਲਦੀ ਪੂਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਦੋਵੇਂ ਪੱਖਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

4. ਚਰਚਾ ਦੋਸਤਾਨਾ ਅਤੇ ਮਿੱਤਰਤਾ ਵਾਲੇ ਮਾਹੌਲ ਵਿੱਚ ਹੋਈ। ਦੋਵੇਂ ਪੱਖਾਂ ਨੇ, ਆਪਸੀ ਸੁਵਿਧਾਜਨਕ ਮਿਤੀ 'ਤੇ, ਜ਼ਾਗਰੇਬ ਵਿੱਚ ਅਗਲੇ ਸਲਾਹ-ਮਸ਼ਵਰੇ ਨੂੰ ਕਰਨ ਲਈ ਸਹਿਮਤੀ ਪ੍ਰਗਟ ਕੀਤੀ।

**ਨਵੀਂ ਦਿੱਲੀ**
**ਅਪ੍ਰੈਲ 30, 2024**